State Council of Educational Research & Training, Punjab
Block-E, 6th Floor, Punjab School Education Board Complex
Phase 8, Sector 62, Mohali,160062 Punjab
Phone: 0172-2212221, Fax: 0172-2212793,Website:www.scertpunjab.ac.in

ਵੱਲ

ਸਮੂਹ ਸਕੂਲ ਮੁੱਖੀ
ਮਿਡਲ /ਹਾਈ/ਸੀਨੀਅਰ ਸੈਕੰਡਰੀ
ਪੰਜਾਬ ।

**ਮੀਮੋ ਨੰ: ਐਸ.ਸੀ.ਈ.ਆਰ.ਟੀ/ਸਮੱਗਰਾ/2019/** 2019413733-41380
**ਮਿਤੀ:** 05.12.19.

**ਵਿਸ਼ਾ:- English Communication Skills: Practice Sheets & Testing Tools ਦੀ ਵਰਤੋਂ ਸਬੰਧੀ ਜ਼ਰੂਰੀ ਹਦਾਇਤਾਂ।**

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।
2. ਜਿਵੇਂ ਕਿ ਆਪ ਸਭ ਨੂੰ ਪਤਾ ਹੈ ਕਿ ਛੇਵੀਂ ਤੋਂ ਬਾਰਵੀਂ ਜਮਾਤ ਵਿਦਿਆਰਥੀਆਂ ਦੇ ਅੰਗਰੇਜ਼ੀ
ਭਾਸ਼ਾ ਦੇ Communication Skills ਵਿੱਚ ਸੁਧਾਰ ਲਿਆਉਣ ਹਿੱਤ ਲਈ ਰਾਜ ਦੇ ਸਮੂਹ
ਸਰਕਾਰੀ ਸਕੂਲਾਂ ਵਿੱਚ ਪ੍ਰਤੀ ਵਿਦਿਆਰਥੀ English Communication Skills: Practice
Sheets & Testing Tools ਭੇਜੇ ਜਾ ਰਹੇ ਹਨ। ਇਨ੍ਹਾਂ Practice Sheets ਦੀ ਸੁਚੱਜੇ ਢੰਗ
ਨਾਲ ਵਰਤੋਂ ਕਰਨ ਅਤੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਲਾਭ ਪਹੁੰਚਾਉਣ ਲਈ ਹੇਠ ਲਿਖੀਆਂ
ਹਦਾਇਤਾਂ ਦੀ ਪਾਲਣਾ ਕੀਤੀ ਜਾਵੇ:
3. ਹਰ ਇੱਕ Practice Sheet ਵਿੱਚ Listening, Speaking, Reading & Writing
Exercises ਦਿੱਤੀਆਂ ਗਈਆਂ ਹਨ, ਜੋ ਕਿ English Textbooks Lessons 'ਤੇ ਅਧਾਰਿਤ
ਹਨ। Listening Practice ਲਈ Audio clips ਸਿੱਖਿਆ ਵਿਭਾਗ ਦੀ ਵੈੱਬਸਾਈਟ
ssapunjab.org ਤੇ ਉਪਲੱਬਧ ਹਨ। ਵਿਸ਼ਾ ਅਧਿਆਪਕ ਕਲਾਸ ਅਨੁਸਾਰ ਉਕਤ audio clips
ਡਾਊਨਲੋਡ ਕਰ ਸਕਦੇ ਹਨ।
4. Listening Practice ਲਈ ਅਧਿਆਪਕ ਵੱਲੋਂ ਜਮਾਤ ਵਿੱਚ Audio clip ਚਲਾਈ ਜਾਵੇਗੀ
ਅਤੇ ਵਿਦਿਆਰਥੀ ਇਸ Audio clip ਨੂੰ ਧਿਆਨ ਨਾਲ ਸੁਣ ਕੇ Practice Sheet ਵਿਚਲੇ
ਪ੍ਰਸ਼ਨਾਂ ਦੇ ਉੱਤਰ ਦੇਣਗੇ।
5. ਇਸੇ ਤਰਾਂ ਹੀ ਬਾਕੀ Skills (Speaking, Reading & Writing) ਲਈ Practice Sheets
ਵਿੱਚ ਦਿੱਤੀਆਂ ਗਈਆਂ ਹਦਾਇਤਾਂ ਅਨੁਸਾਰ ਵਿਦਿਆਰਥੀਆਂ ਦੀ ਤਿਆਰੀ ਕਰਵਾਈ ਜਾਵੇ।
6. Practice Sheets ਵਿੱਚ ਦਿੱਤੀਆਂ ਗਈਆਂ Listening, Speaking, Reading & Writing
Exercisesਨੂੰ ਹੱਲ ਕਰਨ ਵਿੱਚ ਅਧਿਆਪਕ ਦੁਆਰਾ ਵਿਦਿਆਰਥੀਆਂ ਦੀ ਮਦਦ ਕੀਤੀ ਜਾਵੇ।
7. Practice Sheets ਹੱਲ ਕਰਨ ਤੋਂ ਬਾਅਦ ਵਿਦਿਆਰਥੀ Testing Toolsਵਿੱਚ ਦਿੱਤੀਆਂ
ਗਈਆਂ Listening, Speaking, Reading & Writing Exercises ਨੂੰ ਬਿਨਾਂ ਅਧਿਆਪਕ
ਦੀ ਮਦਦ ਲਏ ਹੱਲ ਕਰਨਗੇ, ਤਾਂ ਜੋ ਅਧਿਆਪਕ ਦੁਆਰਾ ਵਿਦਿਆਰਥੀਆਂ ਦੀ progress ਦਾ
ਅੰਦਾਜ਼ਾ ਲਗਾਇਆ ਜਾ ਸਕੇ ਅਤੇ ਉਹਨਾਂ ਨੂੰ remedial measures ਦਿੱਤੇ ਜਾ ਸਕਣ।
8. ਅਧਿਆਪਕਾਂ ਦੁਆਰਾ ਇਹ ਯਕੀਨੀ ਬਣਾਇਆ ਜਾਵੇ ਕਿ ਵਿਦਿਆਰਥੀ ਹੱਲ ਕੀਤੀਆਂ ਗਈਆ
Practice Sheets ਨੂੰ ਸੰਭਾਲ ਕੇ ਰੱਖਣ। ਵਿਦਿਆਰਥੀਆਂ ਦੁਆਰਾ ਕੋਈ ਵੀ Practice Sheet
ਗੁਆਚੀ ਜਾਂ ਪਾੜੀ ਨਾ ਜਾਵੇ।
9. ਅਧਿਆਪਕਾਂ ਦੁਆਰਾ ਸਾਰੇ ਹੀ ਵਿਦਿਆਰਥੀਆਂ ਨੂੰ ਹਰ Practice Sheet ਹੱਲ ਕਰਨ ਉਪਰੰਤ
ਜਰੂਰੀ feeback ਦਿੱਤੀ ਜਾਵੇ।
10. ਜ਼ਿਕਰਯੋਗ ਹੈ ਕਿ ਛੇਵੀਂ ਤੋਂ ਬਾਰਵੀਂ ਜਮਾਤਾਂ ਦੇ 10 ਅੰਕਾਂ ਦਾ ਪ੍ਰੈਕਟੀਕਲ ਉਕਤ English
Communication Skills: Practice Sheets & Testing Toolsਵਿੱਚੋਂ ਹੀ ਲਿਆ
ਜਾਵੇਗਾ।

Scanned by CamScanner

11. ਸਮੂਹ ਅੰਗਰੇਜ਼ੀ DMs/BMs ਇਹ ਯਕੀਨੀ ਬਣਾਉਣ ਕਿ ਅਧਿਆਪਕਾਂ ਅਤੇ ਵਿਦਿਆਰਥੀਆਂ ਦੁਆਰਾ English Communication Skills: Practice Sheets & Testing Tools ਦੀ ਵਰਤੋਂ ਵਿੱਚ ਕੋਈ ਮੁਸ਼ਕਿਲ ਨਾ ਆਏ।

12. ਉਕਤ ਹਦਾਇਤਾਂ ਦੀ ਇੰਨ -ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਡਾਇਰੈਕਟਰ
ਐਸ.ਸੀ.ਈ.ਆਰ.ਟੀ,ਪੰਜਾਬ

ਪਿੱਠ ਅੰਕਣ ਨੰ: **ਐਸ.ਸੀ.ਈ.ਆਰ.ਟੀ/ਸਮੱਗਰਾ/2019/** ੬੨੩ **ਮਿਤੀ:** 05.12.19.

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
2. ਸਮੂਹ ਡੀ.ਐਮਜ਼ (ਅੰਗਰੇਜ਼ੀ/ ਸਮਾਜਿਕ ਵਿਗਿਆਨ )
3. ਡੀ.ਐਮ.(ਐਮ.ਆਈ.ਐਸ.) ਨੂੰ ਵੈਬਸਾਇਟ ਤੇ ਪਾਉਣ ਹਿੱਤ
4. ਸਬੰਧਤ ਸਕੂਲ ਅਧਿਆਪਕ

ਡਾਇਰੈਕਟਰ
ਐਸ.ਸੀ.ਈ.ਆਰ.ਟੀ,ਪੰਜਾਬ

Scanned by CamScanner